ਰਿਕਾਰਡ ਬੁੱਕ

ਔਰੇਂਜ ਕੈਪ
ਅਭਿਸ਼ੇਕ ਸ਼ਰਮਾ
425

ਪਰਪਲ ਕੈਪ
ਇਸ਼ਾਨ ਮਲਿੰਗਾ
14

ਸਿਕਸਰ ਕਿੰਗ
ਵੈਭਵ ਸੂਰਯਵੰਸ਼ੀ
37

➤ ਬੈਸਟ ਇਕਾਨਮੀ
ਹਰਪ੍ਰੀਤ ਬਰਾੜ : 6.25

➤ ਸਭ ਤੋਂ ਵੱਧ ਡਾਟ ਗੇਂਦਾਂ
ਜੋਫਰਾ ਆਰਚਰ : 98

➤ ਸਭ ਤੋਂ ਵੱਧ ਚੌਕੇ
ਅਭਿਸ਼ੇਕ ਸ਼ਰਮਾ : 40

ਆਊਟ	ਚੌਕੇ	ਛੱਕੇ
488	1287	749

ਆਪਣੇ ਦੇਸ਼ ਦੇ ਕ੍ਰਿਕਟ ਬੋਰਡ ਦਾ ਕਾਰਜਭਾਰ ਚੁੱਕੇਗੀ ਸ਼੍ਰੀਲੰਕਾਈ ਸਰਕਾਰ

ਕੋਲੰਬੋ, 29 ਅਪ੍ਰੈਲ (ਭਾਸ਼ਾ)-ਸ਼੍ਰੀਲੰਕਾ ਸਰਕਾਰ ਨੇ ਬੁੱਧਵਾਰ ਨੂੰ ਦੇਸ਼ ਦੇ ਕ੍ਰਿਕਟ ਬੋਰਡ (ਐੱਸ. ਐੱਲ. ਸੀ.) ਦੇ ਪ੍ਰਧਾਨ ਸ਼ੇਮੀ ਸਿਲਵਾ ਤੇ ਕਾਰਜਕਾਰੀ ਕਮੇਟੀ ਦੇ ਅਸਤੀਫੇ ਤੋਂ ਬਾਅਦ ਬੋਰਡ ਦਾ ਮੈਨੇਜਮੈਂਟ ਆਪਣੇ ਹੱਥ 'ਚ ਲੈਣ ਦਾ ਫੈਸਲਾ ਕੀਤਾ। ਸ਼੍ਰੀਲੰਕਾ ਕ੍ਰਿਕਟ ਦੇ ਪ੍ਰਮੁੱਖ ਸਿਲਵਾ ਤੇ ਹੋਰ ਅਹੁਦੇਦਾਰਾਂ ਨੇ ਮੰਗਲਵਾਰ ਨੂੰ ਅਸਤੀਫਾ ਦੇ ਦਿੱਤਾ ਸੀ। ਸ਼੍ਰੀਲੰਕਾ ਦੇ ਰਾਸ਼ਟਰਪਤੀ ਅਨੁਰਾ ਕੁਮਾਰਾ ਦਿਸਾਨਾਇਕੇ ਨੇ ਵਿੱਤੀ ਬੇਨਿਯਮੀਆਂ ਦੇ ਵਧਦੇ ਦੋਸ਼ਾਂ ਤੋਂ ਬਾਅਦ ਉਨ੍ਹਾਂ ਦੇ ਆਪਸੀ ਸਹਿਮਤੀ ਨਾਲ ਅਹੁਦਾ ਛੱਡਣ ਦਾ ਸਮਝੌਤਾ ਕਰਵਾਇਆ ਸੀ।

ਸ਼੍ਰੀਲੰਕਾ ਦੇ ਖੇਡ ਮੰਤਰੀ ਸੁਨੀਲ ਕੁਮਾਰਾ ਗਮਾਗੇ ਨੇ ਇਕ ਬਿਆਨ 'ਚ ਕਿਹਾ, "1973 ਦੀ ਖੇਡ ਕਾਨੂੰਨ ਦੀ ਸੰਖਿਆ 25 ਦੀ ਧਾਰਾ 31 ਤੇ 34 ਦੇ ਤਹਿਤ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸ਼੍ਰੀਲੰਕਾ ਕ੍ਰਿਕਟ ਦੇ ਸਾਰੇ ਪ੍ਰਸ਼ਾਸਨਿਕ ਕੰਮਾਂ ਨੂੰ ਅਸਥਾਈ ਤੌਰ 'ਤੇ ਖੇਡ ਮੰਤਰਾਲੇ ਦੇ ਅਧੀਨ ਲਿਆਂਦਾ ਜਾਵੇਗਾ।"

ਮੰਤਰੀ ਨੇ ਇਸ ਦੇ ਨਾਲ ਹੀ ਕਿਹਾ ਕਿ ਮੌਜੂਦਾ ਅਹੁਦੇਦਾਰਾਂ ਦੇ ਅਸਤੀਫੇ ਸਵੀਕਾਰ ਕਰ ਲਏ ਗਏ ਹਨ। ਬਿਆਨ 'ਚ ਕਿਹਾ ਗਿਆ ਹੈ ਕਿ ਸ਼੍ਰੀਲੰਕਾਈ ਕ੍ਰਿਕਟ 'ਚ ਮੌਜੂਦਾ ਸਮੱਸਿਆਵਾਂ ਦਾ ਹੱਲ ਕਰਨ ਤੇ ਸੁਧਾਰਾਂ ਨੂੰ ਲਾਗੂ ਕਰਨ ਲਈ ਜਲਦੀ ਹੀ ਇਕ ਅੰਤ੍ਰਿਮ ਕਮੇਟੀ ਗਠਿਤ ਕੀਤੀ ਜਾਵੇਗੀ। ਕਾਰਜਕਾਰੀ ਕਮੇਟੀ ਦੀ ਮੰਗਲਵਾਰ ਨੂੰ ਲੱਗਭਗ 3 ਘੰਟੇ ਤੱਕ ਚੱਲੀ ਮੀਟਿੰਗ ਤੋਂ ਬਾਅਦ ਸਿਲਵਾ ਨੇ ਅਸਤੀਫਾ ਦੇਣ ਦਾ ਫੈਸਲਾ ਕੀਤਾ। ਹਾਲਾਂਕਿ, ਅਸਤੀਫੇ ਦੇ ਕਾਰਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ।

ਰਿਆਨ ਰਿਕਲਟਨ ਦਾ ਸੈਂਕੜਾ ਬੇਕਾਰ, ਸਨਰਾਈਜ਼ਰਜ਼ ਨੇ ਮੁੰਬਈ ਇੰਡੀਅਨਜ਼ ਨੂੰ 8 ਗੇਂਦਾਂ ਬਾਕੀ ਰਹਿੰਦਿਆਂ 6 ਵਿਕਟਾਂ ਨਾਲ ਹਰਾਇਆ

ਹੈਦਰਾਬਾਦ ਦੀ ਲਗਾਤਾਰ 5ਵੀਂ ਜਿੱਤ

ਮੁੰਬਈ, 29 ਅਪ੍ਰੈਲ (ਭਾਸ਼ਾ)-ਟ੍ਰੈਵਿਸ ਹੈੱਡ ਤੇ ਹੈਨਰਿਕ ਕਲਾਸੇਨ ਦੇ ਤੂਫਾਨੀ ਅਰਧ ਸੈਂਕੜਿਆਂ ਨਾਲ ਸਨਰਾਈਜ਼ਰਜ਼ ਹੈਦਰਾਬਾਦ ਨੇ ਇੰਡੀਅਨ ਪ੍ਰੀਮੀਅਰ ਲੀਗ (ਆਈ. ਪੀ. ਐੱਲ.) 'ਚ ਬੁੱਧਵਾਰ ਨੂੰ ਇੱਥੇ ਸਲਾਮੀ ਬੱਲੇਬਾਜ਼ ਰਿਆਨ ਰਿਕਲਟਨ ਦੇ ਸੈਂਕੜੇ 'ਤੇ ਪਾਣੀ ਫੇਰਦੇ ਹੋਏ ਮੁੰਬਈ ਇੰਡੀਅਨਜ਼ ਨੂੰ 6 ਵਿਕਟਾਂ ਨਾਲ ਹਰਾ ਕੇ ਲਗਾਤਾਰ 5ਵੀਂ ਜਿੱਤ ਦਰਜ ਕੀਤੀ। ਇਸ ਜਿੱਤ ਨਾਲ ਸਨਰਾਈਜ਼ਰਜ਼ ਦੀ ਟੀਮ 9 ਮੈਚਾਂ 'ਚੋਂ 12 ਅੰਕਾਂ ਨਾਲ ਤੀਜੇ ਸਥਾਨ 'ਤੇ ਪਹੁੰਚ ਗਈ ਹੈ। ਮੁੰਬਈ ਦੀ ਟੀਮ 8 ਮੈਚਾਂ 'ਚੋਂ 4 ਅੰਕਾਂ ਨਾਲ 9ਵੇਂ ਸਥਾਨ 'ਤੇ ਹੈ।

ਮੁੰਬਈ ਦੇ 244 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਸਨਰਾਈਜ਼ਰਜ਼ ਨੇ ਹੈੱਡ (76) ਤੇ ਅਭਿਸ਼ੇਕ ਸ਼ਰਮਾ (45) ਵਿਚਾਲੇ ਪਹਿਲੀ ਵਿਕਟ ਲਈ 8.4 ਓਵਰਾਂ 'ਚ 129 ਦੌੜਾਂ ਦੀ ਸਾਂਝੇਦਾਰੀ ਤੋਂ ਬਾਅਦ ਹੇਨਰਿਕ ਕਲਾਸੇਨ (ਅਜੇਤੂ 65) ਦੇ ਅਰਧ ਸੈਂਕੜੇ ਨਾਲ 18.4 ਓਵਰਾਂ 'ਚ 4 ਵਿਕਟਾਂ 'ਤੇ 249 ਦੌੜਾਂ ਬਣਾ ਕੇ ਜਿੱਤ ਦਰਜ ਕੀਤੀ। ਕਲਾਸੇਨ ਨੇ ਨਿਤੀਸ਼ ਕੁਮਾਰ ਰੈੱਡੀ (21) ਦੇ ਨਾਲ ਚੌਥੀ ਵਿਕਟ ਲਈ 80 ਦੌੜਾਂ ਦੀ ਸਾਂਝੇਦਾਰੀ ਵੀ ਕੀਤੀ। ਸਲਿਲ ਅਰੋੜਾ ਨੇ ਅੰਤ 'ਚ 10 ਗੇਂਦਾਂ 'ਚ 2 ਚੌਕਿਆਂ ਤੇ 3 ਛੱਕਿਆਂ ਨਾਲ ਅਜੇਤੂ 30 ਦੌੜਾਂ ਬਣਾਈਆਂ।

ਰਿਕਲਟਨ ਨੇ ਇਸ ਤੋਂ ਪਹਿਲਾਂ ਆਪਣੇ ਕਰੀਅਰ ਤੇ ਮੁੰਬਈ ਦੇ ਇਤਿਹਾਸ ਦੀ ਸਰਵੋਤਮ ਪਾਰੀ ਦੌਰਾਨ 55 ਗੇਂਦਾਂ 'ਚ 8 ਛੱਕਿਆਂ ਤੇ 10 ਚੌਕਿਆਂ ਦੀ ਮਦਦ ਨਾਲ ਅਜੇਤੂ 123 ਦੌੜਾਂ ਬਣਾਈਆਂ, ਜਿਸ ਨਾਲ ਮੁੰਬਈ ਇੰਡੀਅਨਜ਼ ਨੇ 5 ਵਿਕਟਾਂ 'ਤੇ 243 ਦੌੜਾਂ ਦਾ ਸਕੋਰ ਖੜ੍ਹਾ ਕੀਤਾ। ਰਿਕਲਟਨ ਨੇ ਵਿਲ ਜੈਕਸ (46) ਦੇ ਨਾਲ ਪਹਿਲੀ ਵਿਕਟ ਲਈ 93, ਨਮਨ ਧੀਰ (22) ਦੇ ਨਾਲ ਤੀਜੀ ਵਿਕਟ ਲਈ 55 ਤੇ ਕਪਤਾਨ ਹਾਰਦਿਕ ਪੰਡਯਾ (31) ਦੇ ਨਾਲ ਚੌਥੀ ਵਿਕਟ ਲਈ 56 ਦੌੜਾਂ ਦੀ ਸਾਂਝੇਦਾਰੀ ਵੀ ਕੀਤੀ। ਸਨਰਾਈਜ਼ਰਜ਼ ਵੱਲੋਂ ਪ੍ਰਫੁੱਲ ਹਿੰਗੇ ਸਭ ਤੋਂ ਸਫਲ ਗੇਂਦਬਾਜ਼ ਰਿਹਾ ਜਿਸ ਨੇ 54 ਦੌੜਾਂ ਦੇ ਕੇ 2 ਵਿਕਟਾਂ ਲਈਆਂ।

ਟੀਚੇ ਦਾ ਪਿੱਛਾ ਕਰਨ ਉਤਰੀ ਸਨਰਾਈਜ਼ਰਜ਼ ਨੂੰ ਅਭਿਸ਼ੇਕ ਤੇ ਹੈੱਡ ਨੇ ਤੇਜ਼ਤਰਾਰ ਸ਼ੁਰੂਆਤ ਦਿਵਾਈ। ਅਭਿਸ਼ੇਕ ਨੇ ਟ੍ਰੈਂਟ ਬੋਲਟ ਤੇ ਜਸਪ੍ਰੀਤ ਬੁਮਰਾਹ 'ਤੇ ਛੱਕੇ ਮਾਰੇ। ਹੈੱਡ ਹਾਲਾਂਕਿ ਕਿਸਮਤ ਵਾਲਾ ਰਿਹਾ ਜਦੋਂ ਬੋਲਟ ਦੀ ਗੇਂਦ 'ਤੇ ਨਮਨ ਉਸ ਦਾ ਕੈਚ ਫੜਨ 'ਚ ਅਸਫਲ ਰਹੇ ਤੇ ਗੇਂਦ 6 ਦੌੜਾਂ ਲਈ ਚਲੀ ਗਈ। ਨਮਨ ਨੇ ਇਸ ਤੋਂ ਬਾਅਦ ਅੱਲਾਹ ਗਜ਼ਨਫਰ ਦੀ ਗੇਂਦ 'ਤੇ ਬੈਕਵਰਡ ਪੁਆਇੰਟ 'ਤੇ ਹੈੱਡ ਨੂੰ ਦੂਜਾ ਜੀਵਨਦਾਨ ਦਿੱਤਾ। ਹੈੱਡ ਨੇ ਇਸ ਦਾ ਫਾਇਦਾ ਉਠਾਉਂਦਿਆਂ ਬੁਮਰਾਹ ਦੀਆਂ ਲਗਾਤਾਰ ਗੇਂਦਾਂ 'ਤੇ ਛੱਕਾ ਤੇ ਚੌਕਾ ਮਾਰਿਆ ਜਦਕਿ ਅਭਿਸ਼ੇਕ ਨੇ ਵੀ ਇਸ ਸਟਾਰ ਤੇਜ਼ ਗੇਂਦਬਾਜ਼ 'ਤੇ ਛੱਕਾ ਲਾਇਆ। ਸਨਰਾਈਜ਼ਰਜ਼ ਨੇ ਪਾਵਰਪਲੇਅ 'ਚ ਬਿਨਾਂ ਵਿਕਟ ਗੁਆਏ 92 ਦੌੜਾਂ ਬਣਾਈਆਂ। ਨਮਨ ਨੇ 7ਵੇਂ ਓਵਰ 'ਚ ਅਸ਼ਵਨੀ ਕੁਮਾਰ ਦੀ ਗੇਂਦ 'ਤੇ ਤੀਜੀ ਵਾਰ ਹੈੱਡ ਦਾ ਕੈਚ ਛੱਡਿਆ ਤੇ ਛੱਕੇ ਨਾਲ 20 ਗੇਂਦਾਂ 'ਚ ਹੈੱਡ ਦਾ ਅਰਧ ਸੈਂਕੜਾ ਪੂਰਾ ਹੋਇਆ। ਅਭਿਸ਼ੇਕ ਹਾਲਾਂਕਿ ਇਸ ਤੋਂ ਬਾਅਦ ਗਜ਼ਨਫਰ ਦੀ ਗੇਂਦ 'ਤੇ ਵੱਡੀ ਸ਼ਾਟ ਖੇਡਣ ਦੀ ਕੋਸ਼ਿਸ਼ 'ਚ ਬੈਕਵਰਡ ਪੁਆਇੰਟ 'ਤੇ ਬੋਲਟ ਨੂੰ ਕੈਚ ਦੇ ਬੈਠੇ।

ਈਸ਼ਾਨ ਕਿਸ਼ਨ (0) ਨੇ ਗਜ਼ਨਫਰ ਦੀ ਅਗਲੀ ਗੇਂਦ ਨੂੰ ਵਿਕਟਾਂ 'ਤੇ ਖੇਡਿਆ। ਹੈੱਡ ਵੀ ਇਸ ਤੋਂ ਬਾਅਦ ਪੰਡਯਾ ਦੀ ਗੇਂਦ ਨੂੰ ਐਕਸਟਰਾ ਕਵਰ 'ਤੇ ਜੈਕਸ ਦੇ ਹੱਥਾਂ 'ਚ ਖੇਡ ਗਿਆ ਜਿਸ ਨਾਲ ਸਨਰਾਈਜ਼ਰਜ਼ ਦਾ ਸਕੋਰ ਬਿਨਾਂ ਵਿਕਟ ਤੋਂ 129 ਦੌੜਾਂ ਤੋਂ 3 ਵਿਕਟਾਂ 'ਤੇ 133 ਦੌੜਾਂ ਹੋ ਗਿਆ। ਕਲਾਸੇਨ ਨੇ ਗਜ਼ਨਫਰ ਦੀਆਂ ਲਗਾਤਾਰ ਗੇਂਦਾਂ 'ਤੇ ਚੌਕੇ ਤੇ ਛੱਕੇ ਨਾਲ ਤੇਵਰ ਦਿਖਾਏ ਤੇ ਫਿਰ ਅਸ਼ਵਨੀ 'ਤੇ 4 ਚੌਕੇ ਲਾਏ। ਸਨਰਾਈਜ਼ਰਜ਼ ਨੂੰ ਆਖਰੀ 5 ਓਵਰਾਂ 'ਚ ਜਿੱਤ ਲਈ 51 ਦੌੜਾਂ ਦੀ ਲੋੜ ਸੀ। ਕਲਾਸੇਨ ਨੇ ਗਜ਼ਨਫਰ 'ਤੇ ਛੱਕੇ ਨਾਲ ਸਿਰਫ 22 ਗੇਂਦਾਂ 'ਚ ਮੌਜੂਦਾ ਸੈਸ਼ਨ ਦਾ ਚੌਥਾ ਅਰਧ ਸੈਂਕੜਾ ਪੂਰਾ ਕੀਤਾ। ਨਿਤੀਸ਼ ਨੇ ਵੀ ਗਜ਼ਨਫਰ 'ਤੇ ਚੌਕਾ ਲਾਇਆ ਪਰ ਫਿਰ ਬੋਲਟ ਦੀ ਗੇਂਦ ਨੂੰ ਹਵਾ 'ਚ ਲਹਿਰਾ ਕੇ ਸੂਰਯਕੁਮਾਰ ਨੂੰ ਕੈਚ ਦੇ ਬੈਠਾ। ਸਨਰਾਈਜ਼ਰਜ਼ ਨੂੰ ਆਖਰੀ 2 ਓਵਰਾਂ 'ਚ 11 ਦੌੜਾਂ ਦੀ ਲੋੜ ਸੀ। ਬੁਮਰਾਹ 'ਤੇ ਛੱਕਾ ਲਾਉਣ ਵਾਲੇ ਸਲੀਲ ਨੇ ਪੰਡਯਾ 'ਤੇ ਚੌਕੇ ਤੇ 2 ਛੱਕਿਆਂ ਨਾਲ ਸਨਰਾਈਜ਼ਰਜ਼ ਨੂੰ ਜਿੱਤ ਦਿਵਾ ਦਿੱਤੀ।

ਇਸ ਤੋਂ ਪਹਿਲਾਂ ਪੰਡਯਾ ਨੇ ਟਾਸ ਜਿੱਤ ਕੇ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ। ਬਾਂਹ 'ਤੇ ਸੱਟ ਕਾਰਨ ਕਵਿੰਟਨ ਡੀ ਕੌਕ ਦੇ ਬਾਹਰ ਹੋਣ 'ਤੇ ਮੁੰਬਈ ਨੇ ਜੈਕਸ ਤੇ ਰਿਕਲਟਨ ਨੂੰ ਪਾਰੀ ਦਾ ਆਗਾਜ਼ ਕਰਨ ਦਾ ਮੌਕਾ ਦਿੱਤਾ ਤੇ ਦੋਵਾਂ ਨੇ ਪਾਵਰਪਲੇਅ 'ਚ 78 ਦੌੜਾਂ ਜੋੜ ਕੇ ਟੀਮ ਨੂੰ ਸ਼ਾਨਦਾਰ ਸ਼ੁਰੂਆਤ ਦਿਵਾਈ। ਰਿਕਲਟਨ ਨੇ ਹਿੰਗੇ ਦਾ ਸਵਾਗਤ ਛੱਕੇ ਦੇ ਨਾਲ ਕੀਤਾ ਜਦਕਿ ਜੈਕਸ ਨੇ ਇਸ ਤੇਜ਼ ਗੇਂਦਬਾਜ਼ 'ਤੇ ਲਗਾਤਾਰ ਦੋ ਚੌਕੇ ਮਾਰੇ। ਰਿਕਲਟਨ ਤੇ ਜੈਕਸ ਦੋਵਾਂ ਨੇ ਸਨਰਾਈਜ਼ਰਜ਼ ਦੇ ਕਪਤਾਨ ਪੈਟ ਕਮਿੰਸ 'ਤੇ ਵੀ ਦੋ-ਦੋ ਚੌਕੇ ਮਾਰੇ।

ਜੈਕਸ ਨੇ ਖੱਬੇ ਹੱਥ ਦੇ ਸਪਿਨਰ ਹਰਸ਼ ਦੁਬੇ 'ਤੇ ਦੋ ਛੱਕੇ ਤੇ ਇਕ ਚੌਕੇ ਨਾਲ 16 ਦੌੜਾਂ ਬਣਾਈਆਂ ਜਦਕਿ ਰਿਕਲਟਨ ਨੇ ਵੀ ਸਾਕਿਬ ਹੁਸੈਨ 'ਤੇ ਦੋ ਛੱਕੇ ਤੇ ਇਕ ਚੌਕੇ ਨਾਲ 18 ਦੌੜਾਂ ਬਣਾਈਆਂ। ਕਪਤਾਨ ਕਮਿੰਸ ਨੇ ਇਸ ਤੋਂ ਬਾਅਦ ਗੇਂਦ ਨਿਤੀਸ਼ ਕੁਮਾਰ ਰੈੱਡੀ ਨੂੰ ਸੌਂਪੀ ਤੇ ਉਸ ਦੀ ਪਹਿਲੀ ਹੀ ਗੇਂਦ 'ਤੇ ਜੈਕਸ ਨੇ ਵਿਕਟਕੀਪਰ ਈਸ਼ਾਨ ਕਿਸ਼ਨ ਨੂੰ ਕੈਚ ਦੇ ਦਿੱਤਾ। ਜੈਕਸ ਨੇ 22 ਗੇਂਦਾਂ ਦੀ ਆਪਣੀ ਪਾਰੀ 'ਚ 5 ਚੌਕੇ ਤੇ 3 ਛੱਕੇ ਲਾਏ। ਰਿਕਲਟਨ ਨੇ ਨਿਤੀਸ਼ 'ਤੇ ਚੌਕੇ ਦੇ ਨਾਲ 8ਵੇਂ ਓਵਰ 'ਚ ਟੀਮ ਦੀਆਂ ਦੌੜਾਂ ਦਾ ਸੈਂਕੜਾ ਪੂਰਾ ਕੀਤਾ ਤੇ ਫਿਰ ਅਗਲੀ ਗੇਂਦ 'ਤੇ ਛੱਕੇ ਦੇ ਨਾਲ 23 ਗੇਂਦਾਂ 'ਚ ਅਰਧ ਸੈਂਕੜਾ ਲਾਇਆ।

ਸੂਰਯਕੁਮਾਰ ਯਾਦਵ (5) ਵੀ ਅਗਲੇ ਓਵਰ 'ਚ ਇਸ਼ਾਨ ਮਲਿੰਗਾ ਦੀ ਗੇਂਦ 'ਤੇ ਵਾਈਨ ਲੈੱਗ 'ਤੇ ਅਭਿਸ਼ੇਕ ਸ਼ਰਮਾ ਨੂੰ ਕੈਚ ਦੇ ਬੈਠੇ। ਲਗਾਤਾਰ ਓਵਰਾਂ 'ਚ ਵਿਕਟਾਂ ਗੁਆਉਣ ਦੇ ਬਾਵਜੂਦ ਰਿਕਲਟਨ ਨੇ ਹਮਲਾਵਰ ਰੁਖ਼ ਜਾਰੀ ਰੱਖਿਆ। ਉਸ ਨੇ ਅਤੇ ਨਮਨ ਧੀਰ ਨੇ ਸਾਕਿਬ ਤੇ ਕਮਿੰਸ 'ਤੇ ਚੌਕੇ ਮਾਰੇ। ਰਿਕਲਟਨ ਨੇ ਦੁਬੇ 'ਤੇ ਲਗਾਤਾਰ ਦੋ ਛੱਕਿਆਂ ਦੇ ਨਾਲ 12ਵੇਂ ਓਵਰ 'ਚ ਟੀਮ ਦਾ ਸਕੋਰ 150 ਦੌੜਾਂ ਦੇ ਪਾਰ ਪਹੁੰਚਾਇਆ। ਨਮਨ ਹਾਲਾਂਕਿ ਹਿੰਗੇ ਦੀ ਗੇਂਦ ਨੂੰ ਹਵਾ 'ਚ ਲਹਿਰਾ ਕੇ ਦੁਬੇ ਦੇ ਹੱਥੋਂ ਕੈਚ ਆਊਟ ਹੋ ਗਿਆ।

ਰਿਕਲਟਨ ਨੇ ਨਿਤੀਸ਼ ਦੀਆਂ ਲਗਾਤਾਰ ਗੇਂਦਾਂ 'ਤੇ ਚੌਕੇ ਤੇ ਛੱਕੇ ਤੋਂ ਬਾਅਦ ਇਕ ਦੌੜ ਦੇ ਨਾਲ 44 ਗੇਂਦਾਂ 'ਚ ਆਪਣਾ ਪਹਿਲਾ ਆਈ. ਪੀ. ਐੱਲ. ਸੈਂਕੜਾ ਪੂਰਾ ਕੀਤਾ ਜਿਹੜਾ ਟੀਮ ਵੱਲੋਂ ਸਭ ਤੋਂ ਤੇਜ਼ ਸੈਂਕੜਾ ਹੈ। ਪੰਡਯਾ ਨੇ ਵੀ ਹਿੰਗੇ ਦੀਆਂ ਲਗਾਤਾਰ ਗੇਂਦਾਂ 'ਤੇ ਦੋ ਚੌਕੇ ਤੇ ਇਕ ਛੱਕੇ ਦੇ ਨਾਲ 16ਵੇਂ ਓਵਰ 'ਚ ਟੀਮ ਦੀਆਂ ਦੌੜਾਂ ਦਾ ਦੋਹਰਾ ਸੈਂਕੜਾ ਪੂਰਾ ਕੀਤਾ ਪਰ ਇਸ ਤੋਂ ਬਾਅਦ ਸਾਕਿਬ ਦੀ ਗੇਂਦ 'ਤੇ ਲਾਂਗ ਆਫ 'ਤੇ ਹੈਨਰਿਕ ਕਲਾਸੇਨ ਨੂੰ ਕੈਚ ਦੇ ਬੈਠਾ। ਉਸ ਨੇ 15 ਗੇਂਦਾਂ ਦਾ ਸਾਹਮਣਾ ਕਰਦੇ ਹੋਏ ਦੋ ਛੱਕੇ ਤੇ ਇੰਨੇ ਹੀ ਚੌਕੇ ਲਾਏ।

'ਪਲੇਅਰ ਆਫ ਦਿ ਮੈਚ' **ਹੈਨਰਿਕ ਕਲਾਸੇਨ** ਸਨਰਾਈਜ਼ਰਜ਼ ਹੈਦਰਾਬਾਦ — ਮੁੰਬਈ ਇੰਡੀਅਨਜ਼ ਨੇ ਟਾਸ ਜਿੱਤ ਕੇ ਬੱਲੇਬਾਜ਼ੀ ਚੁਣੀ ਸੀ।

➤ ਸਕੋਰ ਬੋਰਡ

ਮੁੰਬਈ ਇੰਡੀਅਨਜ਼	ਦੌੜਾਂ	ਗੇਂਦਾਂ	4/6
ਜੈਕਸ ਕ. ਈਸ਼ਾਨ ਬ. ਰੈੱਡੀ	46	22	5/3
ਰਿਕਲਟਨ ਅਜੇਤੂ	123	55	10/8
ਸੂਰਯਕੁਮਾਰ ਬ. ਮਲਿੰਗਾ	05	05	1/0
ਧੀਰ ਕ. ਦੁਬੇ ਬ. ਹਿੰਗੇ	22	17	3/0
ਪੰਡਯਾ ਕ. ਕਲਾਸੇਨ ਬ. ਸਾਕਿਬ	31	15	2/2
ਤਿਲਕ ਕ. ਕਲਾਸੇਨ ਬ. ਹਿੰਗੇ	07	05	0/1
ਮਿੰਜ ਅਜੇਤੂ	01	01	0/0
ਵਾਧੂ	08		
ਕੁੱਲ (5 ਵਿਕਟਾਂ, 20 ਓਵਰ)	243		

ਵਿਕਟ ਪਤਨ : 1-93, 2-110, 3-165, 4-221, 5-232.

ਗੇਂਦਬਾਜ਼ੀ : ਕਮਿੰਸ 4-0-39-0, ਹਿੰਗੇ 4-0-54-2, ਮਲਿੰਗਾ 4-0-29-1, ਦੁਬੇ 3-0-50-0, ਸਾਕਿਬ 3-0-39-1, ਰੈੱਡੀ 2-0-31-1.

ਸਨਰਾਈਜ਼ਰਜ਼ ਹੈਦਰਾਬਾਦ	ਦੌੜਾਂ	ਗੇਂਦਾਂ	4/6
ਅਭਿਸ਼ੇਕ ਕ. ਬੋਲਟ ਬ. ਗਜ਼ਨਫਰ	45	24	4/3
ਹੈੱਡ ਕ. ਜੈਕਸ ਬ. ਪੰਡਯਾ	76	30	4/8
ਕਿਸ਼ਨ ਬ. ਗਜ਼ਨਫਰ	00	01	0/0
ਕਲਾਸੇਨ ਅਜੇਤੂ	65	30	7/4
ਰੈੱਡੀ ਕ. ਸੂਰਯਕੁਮਾਰ ਬ. ਬੋਲਟ	21	17	3/0
ਅਰੋੜਾ ਅਜੇਤੂ	30	10	2/3
ਵਾਧੂ	12		
ਕੁੱਲ (4 ਵਿਕਟਾਂ, 18.4 ਓਵਰ)	249		

ਵਿਕਟ ਪਤਨ : 1-129, 2-129, 3-133, 4-213.

ਗੇਂਦਬਾਜ਼ੀ : ਬੋਲਟ 4-0-41-1, ਬੁਮਰਾਹ 4-0-54-0, ਜੈਕਸ 1-0-19-0, ਗਜ਼ਨਫਰ 4-0-51-2, ਅਸ਼ਵਨੀ 2-0-41-0, ਪੰਡਯਾ 3.4-0-39-1.

ਆਰ. ਸੀ. ਬੀ. ਸਾਹਮਣੇ ਸਖਤ ਪ੍ਰੀਖਿਆ ਹੋਵੇਗੀ ਗੁਜਰਾਤ ਟਾਈਟਨਜ਼ ਦੀ

ਅਹਿਮਦਾਬਾਦ, 29 ਅਪ੍ਰੈਲ (ਭਾਸ਼ਾ)-ਨਿਰੰਤਰਤਾ ਹਾਸਲ ਕਰਨ ਲਈ ਬੇਤਾਬ ਗੁਜਰਾਤ ਟਾਈਟਨਜ਼ ਨੂੰ ਵੀਰਵਾਰ ਨੂੰ ਇੱਥੇ ਹੋਣ ਵਾਲੇ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐੱਲ.) ਦੇ ਮੈਚ 'ਚ ਸ਼ਾਨਦਾਰ ਫਾਰਮ 'ਚ ਚੱਲ ਰਹੀ ਰਾਇਲ ਚੈਲੰਜਰਜ਼ ਬੈਂਗਲੂਰੂ (ਆਰ. ਸੀ. ਬੀ.) ਦੀ ਟੀਮ ਦੀ ਸਖਤ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ।

ਹੁਣ ਜਦਕਿ ਟੂਰਨਾਮੈਂਟ ਦਾ ਅੱਧਾ ਪੜਾਅ ਪੂਰਾ ਹੋ ਚੁੱਕਾ ਹੈ ਤਦ ਗੁਜਰਾਤ ਦੀ ਟੀਮ 8 ਮੈਚਾਂ 'ਚੋਂ 4 ਜਿੱਤਾਂ ਤੇ 4 ਹਾਰਾਂ ਦੇ ਨਾਲ ਅੰਕ ਸੂਚੀ 'ਚ ਅੱਗੇ ਵਧਣ ਲਈ ਸੰਘਰਸ਼ ਕਰ ਰਹੀ ਹੈ। ਦੂਜੇ ਪਾਸੇ ਮੌਜੂਦਾ ਚੈਂਪੀਅਨ ਆਰ. ਸੀ. ਬੀ. ਸ਼ਾਨਦਾਰ ਫਾਰਮ 'ਚ ਹੈ ਤੇ ਉਸ ਨੇ 8 ਮੈਚਾਂ 'ਚੋਂ 6 'ਚ ਜਿੱਤ ਦਰਜ ਕੀਤੀ ਹੈ। ਆਰ. ਸੀ. ਬੀ. ਅਜੇ ਅੰਕ ਸੂਚੀ 'ਚ ਦੂਜੇ ਸਥਾਨ 'ਤੇ ਹੈ।

ਆਰ. ਸੀ. ਬੀ. ਵੱਲੋਂ ਉਸ ਦੇ ਤੇਜ਼ ਗੇਂਦਬਾਜ਼ਾਂ ਭੁਵਨੇਸ਼ਵਰ ਕੁਮਾਰ ਤੇ ਜੋਸ਼ ਹੇਜ਼ਲਵੁੱਡ ਨੇ ਮਿਲ ਕੇ ਕਹਿਰ ਵਰ੍ਹਾਇਆ ਹੈ। ਜਿੱਥੇ ਭੁਵਨੇਸ਼ਵਰ ਨੇ ਆਪਣੀ ਸ਼ਾਨਦਾਰ ਸਵਿੰਗ ਨਾਲ ਪੁਰਾਣੇ ਦਿਨਾਂ ਦੀ ਯਾਦ ਦਿਵਾ ਦਿੱਤੀ ਹੈ, ਉੱਥੇ ਹੀ ਹੇਜ਼ਲਵੁੱਡ ਨੇ ਟੈਸਟ ਮੈਚ ਦੇ ਪੱਧਰ ਦੀਆਂ ਗੇਂਦਾਂ ਨਾਲ ਬੱਲੇਬਾਜ਼ਾਂ ਨੂੰ ਪ੍ਰੇਸ਼ਾਨ ਕੀਤਾ ਹੈ। ਉਹ ਬੱਲੇ ਦੇ ਬਾਹਰੀ ਕਿਨਾਰੇ ਨੂੰ ਨਿਸ਼ਾਨਾ ਬਣਾ ਕੇ ਗੇਂਦਬਾਜ਼ੀ ਕਰ